I/651324/2023 File No.SED-EDU401/14/2021-2EDU4

ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸਿੱਖਿਆ-4 ਸ਼ਾਖਾ

ਹੁਕਮ

DWE (Busy in meeting)
29/9/2023
DM MIS

ਸਿੱਖਿਆ ਵਿਭਾਗ (ਸਕੂਲਜ) ਵਿੱਚ ਕੰਮ ਕਰ ਰਹੇ ਲੈਕਚਰਾਰਾਂ, ਹੈੱਡ-ਮਾਸਟਰ/ਮਿਸਟ੍ਰੈਸ ਅਤੇ ਵੋਕੇਸ਼ਨਲ ਲੈਕਚਰਾਰਾਂ/ਮਾਸਟਰਾਂ ਨੂੰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ ਕਾਡਰ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪੱਦ-ਉੱਨਤ ਕਰਨ ਲਈ ਮਿਤੀ 25-11-2022 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 189 ਲੈਕਚਰਾਰਾਂ, ਹੈੱਡ-ਮਾਸਟਰ/ਮਿਸਟ੍ਰੈਸ ਅਤੇ ਵੋਕੇਸ਼ਨਲ ਲੈਕਚਰਾਰਾਂ/ਮਾਸਟਰਾਂ ਨੂੰ Punjab Educational Service (School and Inspection Cadre) Group 'A' Service Rules 2018, ਮਿਤੀ 07.06.2018/13.02.2020 ਅਨੁਸਾਰ ਤਨਖਾਹ ਸਕੇਲ ਲੈਵਲ 21 ਵਿੱਚ ਸਰਕਾਰ ਦੇ ਹੁਕਮ ਨੰ SED-EDU401/14/2021-2EDU4/I/465866/2022 ਮਿਤੀ 29-11-2022 ਰਾਹੀਂ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ ਕਾਡਰ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪੱਦ-ਉੱਨਤ ਕੀਤਾ ਗਿਆ ਸੀ ਅਤੇ ਸਾਰੇ ਪੱਦ-ਉੱਨਤ ਹੋਏ ਅਧਿਕਾਰੀਆਂ ਨੂੰ ਆਪਣੀ ਹਾਜ਼ਰੀ ਰਿਪੋਰਟ 03 ਦਿਨਾਂ ਦੇ ਅੰਦਰ-2 ਆਪਣੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ ਅਤੇ ਇਹ ਵੀ ਸ਼ਰਤ ਰੱਖੀ ਗਈ ਕਿ ਜਿਹੜੇ ਅਧਿਕਾਰੀ ਪੋਸਟਿੰਗ ਹੋਣ ਉਪਰੰਤ ਆਪਣੇ ਪੋਸਟਿੰਗ ਵਾਲੇ ਸਥਾਨ ਤੇ ਦਿੱਤੇ ਗਏ ਸਮੇਂ ਦੇ ਵਿੱਚ ਹਾਜ਼ਰ ਨਹੀਂ ਹੁੰਦਾ, ਤਾਂ ਉਸਨੂੰ ਪੱਦ-ਉੱਨਤੀ ਦੇ ਹੱਕ ਤੋਂ 02 ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

2. ਡੀ.ਐਸ.ਈ.(ਸ.), ਪੰਜਾਬ ਵੱਲੋਂ ਭੇਜੀ ਗਈ ਤਜ਼ਵੀਜ਼ ਅਨੁਸਾਰ ਹੇਠ ਲਿੱਖੇ ਕਰਮਚਾਰੀਆਂ ਵੱਲੋਂ ਸਟੇਸ਼ਨ ਚੋਣ ਦੌਰਾਨ ਪੱਦ-ਉੱਨਤੀ ਲੈਣ ਤੋਂ ਇਨਕਾਰ / ਹਾਜ਼ਰ ਨਾ ਹੋਣ ਕਰਕੇ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨਜ਼ ਆਫ ਸਰਵਿਸ) ਰੂਲਜ਼ 1994 ਦੇ ਨਿਯਮ 8(2) ਤਹਿਤ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ ਕਾਡਰ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਦੀ ਪੱਦ-ਉੱਨਤੀ ਦੇ ਹੱਕ ਤੋਂ ਅਗਲੇ 02 ਸਾਲਾਂ ਲਈ ਡੀ-ਬਾਰ ਕੀਤਾ ਜਾਂਦਾ ਹੈ:-

| ਲੜੀ ਨੰ. | ਨਾਮ | ਲੈਕ.ਕਾਡਰ ਸੀਨੀ: ਨੰ. |
|---|---|---|
| 1 | ਸ੍ਰੀਮਤੀ ਸੁਖਜੀਤ ਕੌਰ | 1493 |
| 2 | ਸ੍ਰੀਮਤੀ ਪੁਨਰਾਜ | 1919 |
| 3 | ਸ੍ਰੀਮਤੀ ਵਿਸ਼ਵ ਜੋਤੀ | 2118 |
| 4 | ਸ੍ਰੀ ਪਰਦੀਪ ਕੁਮਾਰ | 2527 |
| 5 | ਸ੍ਰੀਮਤੀ ਨੀਤੂ ਬਾਲਾ | 4578 |

O/o DGSE CUM SPD
Sarva Shiksha Abhiyan Authority (Pb.)
Central Dairy
No. 2654110 Date 29/09/23

3. ਉਪਰੋਕਤ ਤੋਂ ਇਲਾਵਾ ਸਰਕਾਰ ਦੇ ਹੁਕਮ ਨੰ. I/547170/2023 ਮਿਤੀ 20-04-2023 ਰਾਹੀਂ ਜਾਰੀ ਕੀਤੇ ਗਏ ਡੀ-ਬਾਰ ਦੇ ਹੁਕਮਾਂ ਵਿੱਚ ਲੜੀ ਨੰ. 32 ਸ਼੍ਰੀਮਤੀ ਮਨਜੀਤ ਕੌਰ, ਸੀਨੀਆਰਤਾ ਨੰ. 3323 ਦੀ ਬਜਾਏ ਸ਼੍ਰੀਮਤੀ ਮਨਜੀਤ ਕੌਰ, ਸੀਨੀਆਰਤਾ ਨੰ. 2383 ਪੜ੍ਹਿਆ ਜਾਵੇ।

ਕਮਲ ਕਿਸ਼ੋਰ ਯਾਦਵ,ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:22-09-2023

ਪਿ: ਅੰ; ਨੰ ਉਕਤ

ਮਿਤੀ, ਚੰਡੀਗੜ੍ਹ: 22.9.23

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ;-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ;
2 ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ;
3 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ – ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ – ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ।
5. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ:), ਪੰਜਾਬ – ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ।
6. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ–ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ਼-8, ਐਸ.ਏ.ਐਸ. ਨਗਰ ਮੋਹਾਲੀ।
7. ਰਜਿ: ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
8. ਰਜਿ: ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਪੰਜਾਬ (ਵੈਬਸਾਈਟ ਰਾਹੀਂ)।
9. ਰਜਿ: ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਪੰਜਾਬ (ਵੈਬਸਾਈਟ ਰਾਹੀਂ);
10. ਰਜਿ: ਸਬੰਧਤ ਕਰਮਚਾਰੀ (ਵੈਬਸਾਈਟ ਰਾਹੀਂ)।

(ਸੁਰਜੀਤ ਸਿੰਘ)
ਸੁਪਰਡੰਟ